# ਸਾਧ ਸੰਗਤ ਜੀ – ਸਿਆਣਪ ਵਰਤੀਏ ਤੇ ਸ਼ਾਂਤੀ ਰੱਖੀਏ!

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰੱਖੀਏ – ਫੁੱਟ ਪਾਊ ਪਰਚਾਰ ਤੋ ਬਚੀਏ!

ਗੁਰਦੁਆਰਾ ਸਾਹਿਬ, ਗੁਰੂ ਰਾਮ ਦਾਸ ਦਰਬਾਰ ਦੇ ਪ੍ਰਬੰਧਕ ਸੇਵਾਦਾਰਾਂ ਨੂੰ ਕੁਝ ਬੰਦਿਆ ਨੇ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਦੇ ਕੈਲਗਰੀ ਸ਼ਹਿਰ ਵਿੱਚ ਉਲੀਕੇ ਗਏ ਪ੍ਰੋਗਰਾਮ ਸਬੰਧੀ ਆਪਣੇ ਸਵਾਲ ਰਖੇ ਸਨ, ਜਿੰਨਾਂ ਦੇ ਸਪਸ਼ਟੀਕਰਨ ਵਜੋ, ਸੇਵਾਦਾਰਾਂ ਨੇ ਹੇਠ ਲਿਖੇ ਹੋਏ ਵਿਚਾਰ ਪੇਸ਼ ਕੀਤੇ ਹਨ।

- ਗੁਰਦੁਆਰਾ ਸਾਹਿਬ, ਗੁਰੂ ਰਾਮ ਦਾਸ ਦਰਬਾਰ ਦੀ ਸ਼ੁਰੂਆਤ ਤੋ ਹੀ ਕੁਝ ਨੁਕਤੇ ਬੁਲਾਰਿਆ ਦੇ ਧਿਆਨ ਹਿੱਤ ਰਖੇ ਗਏ ਹਨ।
  - ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸਿਰਫ ਗੁਰਸਿੱਖ ਵਿਅਕਤੀ ਹੀ ਬੋਲ ਸਕਦਾ ਹੈ ।
  - ਬੁਲਾਰਾ ਕੋਈ ਵੀ ਰਾਜਨੀਤਕ ਪੱਖ ਅਤੇ ਵਿਚਾਰ ਪ੍ਰਗਟ ਨਹੀ ਕਰ ਸਕਦਾ ਅਤੇ ਨਾਂ ਹੀ ਕਿਸੇ ਰਾਜਨੀਤਕ ਬੁਲਾਰੇ ਨੂੰ ਸਮਾ ਦਿੱਤਾ ਜਾਂਦਾ ਹੈ।
  - ਬੁਲਾਰੇ ਦਾ ਉਦੇਸ਼ ਸਿਰਫ ਗੁਰਮਤਿ ਦ੍ਰਿੜਾਉਣੀ, ਗੁਰਬਾਣੀ ਦੀ ਵਿਆਖਿਆ, ਜਾਂ ਗੁਰ ਇਤਿਹਾਸ ਹੀ ਹੋਵੇ।

- ਕਨੇਡਾ ਦੇ ਹੋਰ ਸ਼ਹਿਰਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਵਿਚਾਰ ਵਿਟਾਂਦਰੇ ਤੋ ਬਾਅਦ, ਇਹ ਗੱਲ ਸਾਹਮਣੇ ਆਈ, ਕਿ ਬਾਬਾ ਹਰੀ ਸਿੰਘ ਰੰਧਾਵੇ ਵਾਲਿਆ ਉਤੇ, ਉਹਨਾ ਦਾ ਕੋਈ ਇਤਰਾਜ਼ ਨਹੀ ਹੈ।
- ਛਾਣਬੀਣ ਉਪਰੰਤ ਪਤਾ ਲੱਗਾ ਹੈ ਕਿ ਬਾਬਾ ਜੀ ਉਤੇ, ਸ੍ਰੀ ਅਕਾਲ ਤਖਤ ਸਾਹਿਬ ਵੱਲੋ ਕੋਈ ਪਾਬੰਦੀ ਨਹੀ ਲਾਈ ਗਈ ਅਤੇ ਉਹ ਸਿੱਖੀ ਦਾ ਪ੍ਰਚਾਰ ਕਰਦੇ ਹਨ, ਅਤੇ ਉਹਨਾ ਨੂੰ ਕਿਸੇ ਕਾਰਨ ਕਦੇ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਨਹੀ ਹੋਣਾ ਪਿਆ।
- ਸਿੱਖ ਪੰਥ ਦੇ ਹੋਰ ਵਿਦਵਾਨ ਪ੍ਰਚਾਰਕਾਂ ਨੂੰ ਬਾਬਾ ਜੀ ਬਾਰੇ ਪੁੱਛਿਆ ਗਿਆ, ਤਾ ਉਹਨਾ ਨੇ ਵੀ ਇਨਾਂ ਦੇ ਪ੍ਰਚਾਰ ਦੀ ਪ੍ਰੋੜਤਾ ਕੀਤੀ।
- ਪਿਛਲੇ ਸਮੇ ਦੌਰਾਨ, ਬਾਬਾ ਜੀ ਵਲੋ ਗੁਰਬਾਣੀ ਦੀ ਵਿਆਖਿਆ ਸਬੰਧੀ ਸਵਾਲਾਂ ਦੇ ਜਵਾਬ ਦੇ ਦਿਤੇ ਗਏ ਸਨ।
- ਸੰਗਤ ਦੀ ਜਾਣਕਾਰੀ ਵਾਸਤੇ ਦਸਿਆ ਜਾਂਦਾ ਹੈ, ਕਿ ਹੁਣ ਵਿਰੋਧ ਕਰਨ ਵਾਲੇ ਬੰਦਿਆ ਨਾਲ ਬੈਠ ਕੇ ਗਲ ਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਸ ਮੀਟਿੰਗ ਵਿੱਚ ਚਾਰ, ਚਾਰ ਬੰਦਿਆ ਦੀ ਥਾਂ ਤੇ, ਉਸ ਗਰੁਪ ਦੇ ਤਕਰੀਬਨ ਚਾਲੀ ਬੰਦਿਆ ਨੇ ਪਾਹੁੰਚ ਕੇ ਅਪਨਾ ਸ਼ਕਤੀ ਪ੍ਰਦਰਸ਼ਨ ਕਰਨ ਦੀ ਕੋਸ਼ਿਸ ਕੀਤੀ, ਅਤੇ ਉਹਨਾ ਦਾ ਇਰਾਦਾ ਰਾਜੀਨਾਮਾ ਕਰਨ ਵਾਲਾ ਬਿਲਕੁਲ ਨਹੀ ਸੀ।
- ਹੁਣ ਵਿਰੋਧ ਕਰਨ ਵਾਲੇ ਬੰਦੇ ਉਹੀ ਨੇ, ਜਿਨਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੋ ਛੇਕੇ ਹੋਏ ਪ੍ਰਚਾਰਕ (ਇੰਦਰ ਘੱਗਾ) ਵਰਗਿਆ ਨੂੰ ਸੱਦਕੇ ਸੋਨੇ ਦੇ ਮੈਡਲ ਦਿਤੇ ਹਨ।

ਉਪਰੋਕਤ ਗੱਲਾਂ ਨੂੰ ਮੁੱਖ ਰਖਦਿਆ ਹੋਇਆ ਅਤੇ ਟੋਰਾਂਟੋ ਦੇ ਗੁਰਦੁਆਰਾ ਸਿੰਘ ਸਭਾ ਮਾਲਟਨ ਦੇ ਕਥਾ ਪ੍ਰਸਾਰਣ ਕਰਕੇ, ਸੰਗਤਾਂ ਦੀ ਪੁਰਜ਼ੋਰ ਮੰਗ ਤੇ, ਬਾਬਾ ਜੀ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮਨਾਉਣ ਲਈ ਹੀ ਬਾਬਾ ਜੀ ਨੂੰ ਸੱਦਿਆ ਗਿਆ ਹੈ।

ਇਹ ਪ੍ਰੋਗਰਾਮ ਨਿਰੋਲ ਸਿੱਖ ਇਤਿਹਾਸ ਨੂੰ ਸਮਰਪਿਤ ਹੈ।

ਸਮੂੰਹ ਸੰਗਤ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ, ਕਿ ਭਾਈਚਾਰੇ ਵਿੱਚ ਸ਼ਾਂਤੀ ਕਾਇਮ ਰਖਣ ਲਈ, ਕੁਝ ਲੋਕਾਂ ਦੇ ਮਗਰ ਲਗ ਕੇ, ਇਸ ਪ੍ਰੋਗਰਾਮ ਵਿੱਚ ਵਿਘਨ ਨਾ ਪਾਇਆ ਜਾਏ। ਜੇ ਕਿਸੇ ਵਿਅਕਤੀ ਵਲੋ ਗੁਰੂ ਦਰਬਾਰ ਵਿੱਚ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾ ਉਸ ਨੂੰ ਕਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

ਬੇਨਤੀ ਸਹਿਤ

ਗੁਰਦੁਆਰਾ ਸਾਹਿਬ, ਗੁਰੂ ਰਾਮ ਦਾਸ ਦਰਬਾਰ

ਪ੍ਰਬੰਧਕ ਸੇਵਾਦਾਰ ਕਮੇਟੀ

For the English Version, Please Turn the Page Over